੨.੨

ਖ਼ਬਰ ਕੀ ਹੈ ?

ਉੱਤਰ : ਹਰ ਬਦਲਾਵ, ਹਰ ਘਟਨਾ ਖ਼ਬਰ ਹੈ। ਸਮਾਜ ਵਿਚ ਜੋ ਘਟਨਾ ਵਾਪਰਦੀ ਹੈ, ਜਦੋ ਉਸਨੂੰ ਆਮ ਜਨਤਾ ਤੱਕ ਪਹੁੰਚਾਇਆ ਜਾਂਦਾ ਹੈ ਤਾਂ ਉਹ ਖ਼ਬਰ ਕਹਾਉਂਦੀ ਹੈ।

ਖ਼ਬਰ ਦੇ ਇਕੱਤਰੀਕਰਨ ਲਈ ਕੁਝ ਗੱਲਾਂ ਅਜਿਹੀਆਂ ਹਨ ਜਿਸਨੂੰ ਹਰ ਰਿਪੋਰਟਰ ਜਾਂ ਸਬ ਐਡੀਟਰ ਲਈ ਧਿਆਨ ਵਿਚ ਰੱਖਣਾ ਜਰੂਰੀ ਹੁੰਦਾ ਹੈ। ਜਿਵੇਂ - ਕੀ, ਕਦੋਂ, ਕੌਣ, ਕਿੱਥੇ, ਕਿਉਂ ਅਤੇ ਕਿਵੇਂ।

(ਕੀ) :- ਸਭ ਤੋ ਮਹੱਤਵਪੂਰਨ ਗੱਲ ਤਾਂ ਇਹੀ ਹੈ ਕਿ ਦਰਅਸਲ ਵਾਪਰਿਆ ਕੀ ਹੈ। ਕੀ ਕੋਈ ਹਾਦਸਾ ਹੋਇਆ ਹੈ ਜਾਂ ਕਿਸੇ ਮੰਤਰੀ ਨੇ ਭਾਸ਼ਣ ਕੀਤਾ ਹੈ ? ਕੋਈ ਅਣਹੋਣੀ ਗੱਲ ਹੋਈ ਹੈ ਜਾਂ ਕੋਈ ਨਵੀਂ ਕਾਢ ਕੱਢੀ ਗਈ ਹੈ। ਖ਼ਬਰ ਵਿਚ ਇਹ ਗੱਲ ਸਪਸ਼ਟ ਸ਼ਬਦਾਂ ਵਿਚ ਲਿਖੀ ਜਾਣੀ ਚਾਹੀਦੀ ਹੈ ਕਿ ਵਾਪਰਿਆ ਕੀ ਹੈ।

(ਕਦੋਂ) : ਦੂਸਰਾ ਸਵਾਲ ਹੁੰਦਾ ਹੈ ਕਿ ਕੋਈ ਵੀ ਗੱਲ

ਕਦੋਂ ਵਾਪਰੀ। ਇਸ ਦਾ ਸੰਬੰਧ ਸਥਾਨ ਨਾਲ ਹੈ। ਇਸ ਕਦੋਂ ਵਿਚ ਕਲ੍ਹ, ਪਰਸੋ, ਪਿਛਲੇ ਐਤਵਾਰ, ਅੱਜ ਅਤੇ ਇਸੇ ਤਰ੍ਹਾਂ ਦੇ ਹੋਰ ਸੰਕੇਤ ਵੀ ਸ਼ਾਮਲ ਹੋ ਸਕਦੇ ਹਨ। ਕੈਮਾਤਰੀ ਅਹਿਮੀਅਤ ਵਾਲੀ ਖਬਰ ਦਾ ਮਿੰਟਾਂ ਤਕ ਦਾ ਸਮਾਂ ਨਿਸ਼ਚਿਤ ਕਰ ਦਿਤਾ ਗਿਆ। ਜੇਕਰ ਵੀਰਵਾਰ ਨੂੰ ਖਬਰ ਪੜ੍ਹ ਰਹੇ ਹੋਵੋ ਤਾਂ ਇਸਤੋਂ ਭਾਵ ਵਾਰਦਾਤ ਬੁੱਧਵਾਰ ਨੂੰ ਵਾਪਰੀ ਹੈ। ਲੋਕਾਂ ਨੂੰ ਅਜਿਹਾ ਪਤਾ ਹੀ ਹੁੰਦਾ ਹੈ ਜਾਂ ਕਿ ਖਬਰ ਵਿਚ ਬੁੱਧਵਾਰ ਸਵੇਰੇ ਦੀ ਥਾਂ ਅੱਜ ਸਵੇਰੇ ਲਿਖਿਆ ਗਿਆ ਹੁੰਦਾ ਹੈ।

(ਕੌਣ): ਇਸ ਤੋ ਬਾਦ ਸਵਾਲ ਆਉਂਦਾ ਹੈ ਕਿ ਖਬਰ ਵਿਚ ਜਿਸ ਵਿਅਕਤੀ ਦਾ ਜ਼ਿਕਰ ਕੀਤਾ ਗਿਆ ਹੈ ਉਹ ਕੌਣ ਹੈ। ਉਸ ਦਾ ਅਤਾ ਪਤਾ, ਅਹੁਦਾ, ਰੁਤਬਾ, ਸਮਾਜ ਵਿਚ ਸਥਾਨ ਆਦਿ ਕੀ ਹੈ। ਇਸ ਦੀ ਵਿਸ਼ੇਸ਼ ਮਹੱਤਤਾ ਹੈ ਕਿਉਂਕਿ ਜੇ ਤੁਸੀ ਸਿਰਫ਼ ਮਨਜੀਤ ਸਿੰਘ ਲਿਖੋਗੇ ਤਾਂ ਕੋਈ ਪਤਾ ਨਹੀ ਲੱਗੇਗਾ ਪਰ ਮੁੱਖ ਮੰਤਰੀ ਸ. ਮਨਜੀਤ ਸਿੰਘ ਲਿਖਣ ਨਾਲ ਗਲ ਸਪਸ਼ਟ ਹੋ ਜਾਂਦੀ ਹੈ। ਇੱਕਲੇ ਨਾਵਾਂ ਨਾਲੋ ਉਹਨਾਂ ਨਾਲ ਅਹੁਦੇ ਲਾਉਣੇ ਜਰੂਰੀ ਹਨ।

Scanned with CamScanner

(ਕਿਥੇ) :- ~~ਅਸ਼ਕ~~ ਅਗਲਾ ਸਵਾਲ ਹੁੰਦਾ ਹੈ ਕਿ ਖਬਰ ਵਿਚ ਜਿਸ ਕਿਸੇ ਦਾ ਜ਼ਿਕਰ ਕੀਤਾ ਗਿਆ ਹੈ ਉਹ ਕਿਥੇ ਵਾਪਰੀ। ਬਹੁਤੀ ਵਾਰੀ ਖਬਰ ਦੀ ਡੇਟਲਾਈਨ ਅਰਥਾਤ ਖਬਰ ਦੇ ਸ਼ੁਰੂ ਵਿਚ ਲਿਖੇ ਗਏ ਸ਼ਹਿਰ ਤੋਂ ਪਤਾ ਲਗ ਜਾਂਦਾ ਹੈ।

(ਕਿਉਂ) : ਜਿਹੜੀ ਵੀ ਘਟਨਾ ਵਾਪਰਦੀ ਹੈ, ਉਸ ਦਾ ਕਾਰਨ ਜ਼ਰੂਰ ਹੁੰਦਾ ਹੈ। ਇਸੇ ਕਾਰਨ ਦਾ ਜ਼ਿਕਰ ਕਰਨਾ ਖਬਰ ਵਿਚ ਕਰਨਾ ਬਹੁਤ ਲਾਜ਼ਮੀ ਹੈ। ਜਿਵੇਂ ਕਿਤੇ ਤਿੰਨ ਦਿਨ ਤੋਂ ਲਗਾਤਾਰ ਬਾਰਸ਼ ਹੋ ਰਹੀ ਹੋਵੇ ਤਾਂ ਇਹ ਖਬਰ ਕਿਉਂ ਬਣੀ ਬਣੀ ਕਿਉਂਕਿ ਤਿੰਨ ਦਿਨਾਂ ਤੋਂ ਲਗਾਤਾਰ ਬਾਰਸ਼ ਹੋ ਰਹੀ ਹੈ।

(ਕਿਵੇਂ) : ਇਸ ਲੜੀ ਵਿਚ ਹਰ ਪੱਤਰਕਾਰ ਲਈ ਪੰਜਵਾਂ ਸਵਾਲ ਕਿਵੇਂ ਦਾ ਹੈ। ਇਸ ਦਾ ਪਤਾ ਕਰਨਾ ਅਤੇ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਖਬਰ ਵਿਚਲੀ ਗਲ ਕਿਵੇਂ ਵਾਪਰੀ।

ਖ਼ਬਰ ਲਿਖਣਾ ਇਕ ਕਲਾ ਹੈ ਅਤੇ ਹਰ ਕਲਾ ਦੀ ਤਰ੍ਹਾਂ ਇਹ ਵੀ ਮੁਹਾਰਤ ਦੀ ਮੰਗ ਕਰਦੀ ਹੈ। ਬੇਸ਼ਕ ਇਸਨੂੰ ਭਾਸ਼ਾਈ ਨਕਸ਼ਾ ਦਾ ਉਂਗਲ ਪਹਿਨਾਉਣਾ ਠੀਕ ਨਹੀਂ ਹੈ। ਪਰ ਛੋਟੀ ਛੋਟੀ ਚੀਜ਼ ਨੂੰ ਜ਼ਰਾ ਜਿਹਾ ਮੋੜ ਦੇਣ ਨਾਲ ਉਸਦਾ ਅਰਥ ਬਦਲ ਜਾਂਦਾ ਹੈ, ਜਿਸਦਾ ਧਿਆਨ ਜ਼ਿੰਮੇਵਾਰਤਾ ਅਤੇ ਜੈਪਾਦਰ ਜਿੰਨਾ ਰੱਖੇਗਾ ਉਹ ਉਤਨਾ ਹੀ ਕੁਸ਼ਲ ਸਾਬਤ ਹੋਵੇਗਾ। ਜਿਵੇਂ ਮੰਤਰੀ ਜੀ ਨੂੰ ਹਵਾਈ ਅੱਡੇ ਤੇ ਗ੍ਰੀਨ ਚੈਨਲ ਉਪਰ ਨਿਕਲਦੇ ਸਮੇਂ ਸਿਪਾਹੀ ਨੇ ਰੁਕਣ ਦਾ ਇਸ਼ਾਰਾ ਕੀਤਾ। ਇਹ ਖ਼ਬਰ ਮੰਤਰੀ ਜੀ ਦੀ ਪੈਂਠ ਅਤੇ ਰਾਜਨੀਤਿਕ ਭਵਿੱਖ ਨੂੰ ਚੌਪਟ ਕਰ ਸਕਦੀ ਹੈ। ਇਸਦਾ ਸਿੱਧਾ ਮਤਲਬ ਹੈ ਕਿ ਉਹ ਬਾਹਰੋਂ ਕੁਛ ਗੈਰ-ਕਾਨੂੰਨੀ ਵਸਤਾਂ ਲਿਆ ਰਹੇ ਸੀ ਜੋ ਸਿਪਾਹੀ ਨੇ ਰੋਕ ਲਿਆ। ਭਾਵੇਂ ਬਾਦ ਵਿਚ ਦਬਾਅ ਦੇ ਚਲਦਿਆਂ ਉਸ ਮੰਤਰੀ ਜੀ ਨੂੰ ਜਾਣ ਦੇਣਾ ਪਿਆ ਹੋਵੇ। ਇਸ ਖ਼ਬਰ ਜਾਂ ਘਟਨਾ ਨੂੰ ਇਸ ਤਰ੍ਹਾਂ ਵੀ ਲਿਖਿਆ ਜਾ ਸਕਦਾ ਸੀ ਕਿ ਮੰਤਰੀ ਜੀ ਨੂੰ ਰੋਕਿਆ, ਸਲੂਟ ਮਾਰਿਆ ਅਤੇ ਜਾਣ ਦਿੱਤਾ। ਜਿਸ ਤਰ੍ਹਾਂ ਨਾਲ ਖ਼ਬਰਾਂ ਨੂੰ ਲਿਖਣ ਵਿਚ ਵਿਸ਼ੇਸ਼ਤਾ ਅਤੇ ਸ਼ ਦਾ

ਦਾਦ ਬਹੁਤ ਅਖਰਦਾ ਹੈ ਉਸ ਦੀ ਤਰ੍ਹਾਂ ਹਰ ਪੰਕਤੀ ਵਿਚ "ਹੁਣੇ - ਹੁਣੇ", "ਨਵੀਨਤਮ ਜਾਣਕਾਰੀ ਅਨੁਸਾਰ", "ਸਿਰਫ ਸਾਨੂੰ ਮਿਲੀ ਸੂਚਨਾ ਅਨੁਸਾਰ" ਜਿਹੇ ਪ੍ਰਯੋਗ ਵੀ ਬਹੁਤ ਅਖਰਦੇ ਹਨ।